ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 ਐਸ.ਏ.ਐਸ ਨਗਰ, ਮੁਹਾਲੀ
ਫੋਨ ਨੰਬਰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ),
ਸਮੂਹ ਡਾਇਟ ਪ੍ਰਿੰਸੀਪਲ
ਸਮੂਹ ਬੀ.ਪੀ.ਈ.ਓ. ਸਾਹਿਬਾਨ
ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ:- SCERT/PPPP/PRI./2021333015 ਮਿਤੀ:- 29.09.2021

**ਵਿਸ਼ਾ: ਮਿਤੀ 30.09.2021 ਨੂੰ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ (PTM) ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਦੀ ਜਾਣਕਾਰੀ ਹਿੱਤ ਦੱਸਿਆ ਜਾਂਦਾ ਹੈ ਕਿ ਸਕੂਲ ਸਿੱਖਿਆ ਵਿਭਾਗ ਵੱਲੋਂ ਸਤੰਬਰ ਮਹੀਨੇ ਵਿੱਚ ਸਮੂਹ ਵਿਦਿਆਰਥੀਆਂ ਦਾ ਵਿਸ਼ਾਵਾਰ ਮੁਲਾਂਕਣ ਕਰਵਾਇਆ ਗਿਆ ਹੈ, ਇਸ ਸਬੰਧ ਵਿੱਚ ਵਿਦਿਆਰਥੀਆਂ ਦੀ ਇਸ ਪ੍ਰੀਖਿਆ ਵਿੱਚ ਕਾਰਗੁਜ਼ਾਰੀ ਅਤੇ ਸਕੂਲ ਵਿੱਚ ਚੱਲ ਰਹੀਆ, ਆਉਣ ਵਾਲੇ ਦਿਨਾਂ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਬਾਰੇ ਜਾਣੂੰ ਕਰਵਾਉਣ ਦੇ ਉਦੇਸ਼ ਨਾਲ ਮਿਤੀ 30.09.2021 ਨੂੰ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ।

3.0 ਇਸ ਮਾਪੇ ਅਧਿਆਪਕ ਮਿਲਣੀ ਦੇ ਮੁੱਖ ਏਜੰਡੇ ਹੇਠ ਲਿਖੇ ਅਨੁਸਾਰ ਹਨ:-

3.1 ਵਿਦਿਆਰਥੀਆਂ ਦੀ ਸਤੰਬਰ ਮਹੀਨੇ ਦੇ ਮੁਲਾਂਕਣ ਦੌਰਾਨ ਵਿਸ਼ਾਵਾਰ ਕਾਰਗੁਜ਼ਾਰੀ ਨੂੰ ਮਾਪਿਆਂ ਨਾਲ ਸਾਂਝਾ ਕਰਨਾ।

3.2 ਮਿਤੀ 12 ਨਵੰਬਰ 2021 ਨੂੰ ਹੋਣ ਵਾਲੇ ਨੈਸ਼ਨਲ ਅਚੀਵਮੈਂਟ ਸਰਵੇ ਬਾਰੇ ਮਾਪਿਆਂ ਨੂੰ ਜਾਣੂੰ ਕਰਵਾਉਣਾ।

3.3 ਵਿਦਿਆਰਥੀਆਂ ਦੇ ਅਭਿਆਸ ਲਈ ਵਿਭਾਗ ਵੱਲੋਂ ਉਪਲਬੱਧ ਕਰਵਾਏ ਜਾ ਰਹੇ ਪ੍ਰਿੰਟ ਅਤੇ ਸਾਫਟ ਮਟੀਰੀਅਲ ਬਾਰੇ ਜਾਣਕਾਰੀ ਸਾਂਝੀ ਕਰਨਾ।

3.4 ਸਵੈ-ਅਭਿਆਸ ਲਈ ਵਟਸਐੱਪ 'ਤੇ ਉਪਲਬੱਧ ਪਲੇਟਫਾਰਮ ਬਾਰੇ ਮਾਪਿਆਂ ਨੂੰ ਡੈਮੋ ਦੇਣਾ।

3.5 ਪ੍ਰੀ-ਪ੍ਰਾਇਮਰੀ ਅਤੇ ਪਹਿਲੀ, ਦੂਸਰੀ ਜਮਾਤ ਦੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਵਿੱਚ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ, ਵਰਤੇ ਜਾ ਰਹੇ ਮਟੀਰੀਅਲ ਬਾਰੇ ਅਤੇ ਪਹਿਲੀ, ਦੂਸਰੀ ਜਮਾਤ ਦੇ ਵਿਦਿਆਰਥੀਆਂ ਦੀ ਮੁੱਢਲੀਆਂ ਕੁਸ਼ਲਤਾਵਾਂ ਵਿੱਚ ਹੋਏ ਸੁਧਾਰਾਂ ਬਾਰੇ ਜਾਣਕਾਰੀ ਦੇਣਗੇ।

3.6 ਪੰਜਾਬ ਐਜੂਕੇਅਰ ਐੱਪ 'ਤੇ ਉਪਲਬੱਧ ਮਟੀਰੀਅਲ ਦੀ ਜਾਣਕਾਰੀ ਸਾਂਝੀ ਕਰਨਾ ਅਤੇ ਮਾਪਿਆਂ ਦੇ ਫੋਨ 'ਤੇ Install ਕਰਨ ਲਈ ਪ੍ਰੇਰਿਤ ਕਰਨਾ।

3.7 ਜੇਕਰ ਸਕੂਲ ਵਿੱਚ ਪ੍ਰੋਜੈਕਟਰ ਉਪਲਬੱਧ ਹੈ ਤਾਂ ਇਸ ਦੀ ਵਰਤੋਂ ਬਾਰੇ ਮਾਪਿਆਂ ਨੂੰ ਚਲਾਕੇ ਜ਼ਰੂਰ ਦਿਖਾਇਆ ਜਾਵੇ।

4.0 ਇਸ ਮਾਪੇ-ਅਧਿਆਪਕ ਮਿਲਣੀ ਨੂੰ ਸਫ਼ਲ ਬਣਾਉਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ:-

4.1 ਸੋਸ਼ਲ ਮੀਡੀਆ ਰਾਹੀਂ ਆਡੀਓ/ਵੀਡੀਓ ਮੈਸਜ, ਪੋਸਟਰ, ਅਨਾਊਸਮੈਂਟ ਕਰਵਾਕੇ ਇਸ ਪੀ.ਟੀ.ਐੱਮ. ਬਾਰੇ ਮਾਪਿਆਂ ਅਤੇ ਆਮ ਲੋਕਾਂ ਨੂੰ ਜਾਣੂੰ ਕਰਵਾਇਆ ਜਾਵੇ। ਮਾਪਿਆਂ ਦੇ ਬਣਾਏ ਗਏ ਗਰੁੱਪਾਂ ਵਿੱਚ ਪੀ.ਟੀ.ਐੱਮ. ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇ।

4.2 ਮਾਪੇ-ਅਧਿਆਪਕ ਮਿਲਣੀ ਦੇ ਸਬੰਧ ਵਿੱਚ ਪੂਰੀ ਤਿਆਰੀ ਕਰਕੇ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ ਵਾਲੇ ਕੰਮਾਂ ਦੀ ਅਤੇ ਵੱਖ-ਵੱਖ ਤਰ੍ਹਾਂ ਦੇ ਅਭਿਆਸੀ ਮਟੀਰੀਅਲ ਆਦਿ ਦੀ ਸਟਾਲ 'ਤੇ ਪ੍ਰਦਰਸ਼ਨੀ ਲਗਾਈ ਜਾਵੇ।

4.3 ਜਿੱਥੋਂ ਤੱਕ ਸੰਭਵ ਹੋਵੇ ਪ੍ਰੋਜੈਕਟਰ ਐੱਲ.ਈ.ਡੀ. 'ਤੇ ਸਕੂਲ ਦੀਆਂ ਪ੍ਰਾਪਤੀਆਂ ਬਾਰੇ ਵੀਡੀਓ ਸਾਂਝੀ ਕੀਤੀ ਜਾਵੇ।

4.4 ਮਾਪੇ-ਅਧਿਆਪਕ ਮਿਲਣੀ ਵਿੱਚ ਭਾਗ ਲੈਣ ਵਾਲੇ ਮਾਪਿਆਂ ਨੂੰ ਪੂਰਾ ਆਦਰ-ਮਾਣ ਦਿੱਤਾ ਜਾਵੇ ਅਤੇ ਉਹਨਾਂ ਦੇ ਬੈਠਣ ਲਈ ਸਹੀ ਇੰਤਜ਼ਾਮ ਕੀਤਾ ਜਾਵੇ।

4.5 ਮਾਪੇ-ਅਧਿਆਪਕ ਮਿਲਣੀ ਸਬੰਧੀ ਮਾਪਿਆਂ ਦੇ ਪ੍ਰਤੀਕਰਮ ਦੀਆਂ ਵੀਡੀਓ/ਫੋਟੋਆਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕੀਤੀਆਂ ਜਾਣ।

4.6 ਸਰਕਾਰ ਵੱਲੋਂ ਕੋਵਿਡ-19 ਬਾਰੇ ਜਾਰੀ ਹੋਈਆਂ ਹਦਾਇਤਾਂ ਦੀ ਮਾਪੇ-ਅਧਿਆਪਕ ਮਿਲਣੀ ਦੌਰਾਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

4.7 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਸੀ.ਐੱਚ.ਟੀ. ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਮੈਂਬਰ ਇਹਨਾਂ ਮਿਲਣੀਆਂ ਦੌਰਾਨ ਵੱਧ ਤੋਂ ਵੱਧ ਸਕੂਲਾਂ ਨੂੰ ਵਿਜ਼ਿਟ ਕਰਨ ਅਤੇ ਜਾਰੀ ਹਦਾਇਤਾਂ ਅਨੁਸਾਨ ਮਾਪੇ-ਅਧਿਆਪਕ ਮਿਲਣੀ ਦੇ ਹੋਣ ਨੂੰ ਯਕੀਨੀ ਬਣਾਉਣ।

5.0 ਇਸ ਮਾਪੇ-ਅਧਿਆਪਕ ਮਿਲਣੀ ਉਪਰੰਤ ਸਮੂਹ ਸਕੂਲ ਮੁੱਖੀ ਜਾਣਕਾਰੀ ਨੂੰ ਨਿਰਧਾਰਿਤ ਗੂਗਲ ਪ੍ਰੋਫਾਰਮੇ 'ਤੇ ਭਰਨਗੇ।

6.0 ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਦਿਨ ਸਕੂਲ ਆਮ ਦਿਨਾਂ ਦੀ ਤਰ੍ਹਾਂ ਹੀ ਲੱਗੇਗਾ ਅਤੇ ਵਿਦਿਆਰਥੀ ਸਕੂਲ ਲਈ ਨਿਰਧਾਰਿਤ ਸਮੇਂ ਸਵੇਰੇ 8.00 ਵਜੇ ਤੋਂ ਹੀ ਸਕੂਲ ਵਿੱਚ ਹਾਜ਼ਰ ਰਹਿਣਗੇ।

7.0 ਹੁਕਮਾਂ ਦੀ ਇੰਨ-ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਐੱਸ. ਸੀ.ਈ.ਆਰ.ਟੀ, ਪੰਜਾਬ।**

ਪਿੱਠ ਅੰਕਣ ਨੰ:SCERT/PPPP/PRI./ ਮਿਤੀ:

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ ਟੂ ਸਕੱਤਰ ਸਕੂਲ ਸਿੱਖਿਆ।
2. ਪੀ.ਏ ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ. (ਐ.ਸਿ.), ਪੰਜਾਬ।

ਸਹੀ/-

**ਡਾਇਰੈਕਟਰ ਐੱਸ. ਸੀ.ਈ.ਆਰ.ਟੀ, ਪੰਜਾਬ।**